A-level

# PANJABI

## Paper 3 Listening, Reading and Writing

# Insert

Section C for use with Question 06

**Materials**

- Listening material
- Combined Question Paper/Answer Booklet

**Instructions**

- Listen to the recording provided and read the text in this Insert.
- Make notes in this booklet in the spaces provided on both the recording and the reading text. Use these notes to respond to the essay title in the combined Question Paper/Answer Booklet. (Section C Question 06)

**Information**

The notes you write in this booklet will not be marked but must be included with your essay.

## Listening

Make your notes below on the key points of the recording.

## Reading

ਤੁਸੀਂ ਪੰਜਾਬੀ ਗੀਤ-ਸੰਗੀਤ ਵਿੱਚ ਆਏ ਬਦਲਾਅ ਬਾਰੇ ਇੱਕ ਪੰਜਾਬੀ ਬਲੌਗ ਦਾ ਸਾਰ ਪੜ੍ਹਦੇ ਹੋ।

ਗੀਤ-ਸੰਗੀਤ ਪ੍ਰਾਚੀਨ ਸਮੇਂ ਤੋਂ ਹੀ ਮਨੁੱਖੀ ਮਨ ਦੇ ਕੋਮਲ ਭਾਵਾਂ ਨੂੰ ਪ੍ਰਗਟਾਉਣ ਦਾ ਇੱਕ ਸਾਧਨ ਰਿਹਾ ਹੈ। ਜਿੱਥੇ ਸੰਗੀਤ ਦੀਆਂ ਧੁਨਾਂ ਮਨੁੱਖ ਨੂੰ ਆਪ ਮੁਹਾਰੇ ਨੱਚਣ ਲਾ ਦਿੰਦੀਆਂ ਹਨ, ਉੱਥੇ ਆਪਣੀ ਬੋਲੀ ਦੇ ਗੀਤ ਮਨੁੱਖ ਨੂੰ ਆਪਣੇ ਕੋਮਲ ਭਾਵ ਪ੍ਰਗਟ ਕਰਨ ਲਈ ਆਵਾਜ਼ ਪ੍ਰਦਾਨ ਕਰਦੇ ਹਨ। ਮਨੁੱਖ ਦੇ ਸਭਿਅਕ ਹੋਣ ਤੋਂ ਲੈ ਕੇ ਹੁਣ ਤੱਕ ਗੀਤ-ਸੰਗੀਤ ਦਾ ਮਨੁੱਖੀ ਜ਼ਿੰਦਗੀ ਵਿੱਚ ਇੱਕ ਨਿਵੇਕਲਾ ਸਥਾਨ ਰਿਹਾ ਹੈ। ਪੰਜਾਬੀ ਗੀਤ-ਸੰਗੀਤ ਦਾ ਸਰੂਪ ਸਮੇਂ ਦੇ ਨਾਲ ਬਦਲਣਾ ਸੁਭਾਵਿਕ ਸੀ ਕਿਉਂਕਿ ਜਿਹੜੀ ਰਸਮ ਸਮੇਂ ਦੇ ਨਾਲ ਨਹੀਂ ਬਦਲਦੀ ਉਹ ਖ਼ਤਮ ਹੋ ਜਾਂਦੀ ਹੈ ਪਰ ਇਹ ਬਦਲਾਅ ਇੰਝ ਸਾਹਮਣੇ ਆਵੇਗਾ ਇਸ ਦਾ ਅੰਦਾਜ਼ਾ ਕਿਸੇ ਨੂੰ ਵੀ ਨਹੀਂ ਸੀ।

ਪੰਜਾਬੀ ਗੀਤਾਂ ਵਿੱਚ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਆਸ਼ਕੀ ਦੇ ਅੱਡਿਆਂ ਵਜੋਂ ਪੇਸ਼ ਕੀਤਾ ਜਾਂਦਾ ਹੈ। ਸਾਡੇ ਗੀਤਕਾਰਾਂ ਦੀਆਂ ਨਜ਼ਰਾਂ ਵਿੱਚ ਵਿੱਦਿਅਕ ਸੰਸਥਾਵਾਂ ਆਸ਼ਕੀ ਕਰਨ ਦੇ ਅੱਡਿਆਂ ਤੋਂ ਵੱਧ ਹੋਰ ਕੁਝ ਵੀ ਨਹੀਂ ਉਨ੍ਹਾਂ ਨੂੰ ਇੱਥੇ ਪੜ੍ਹਨ ਵਾਲੇ ਮੁੰਡੇ-ਕੁੜੀਆਂ 'ਹੀਰ-ਰਾਂਝੇ' ਦੇ ਵਾਰਸ ਜਾਪਦੇ ਹਨ।

ਪੰਜਾਬੀ ਗੀਤਕਾਰ ਆਪਣੇ ਗੀਤਾਂ ਵਿੱਚ ਪੰਜਾਬੀ ਜਨ-ਜੀਵਨ ਦਾ ਗਲਤ ਚਿਹਰਾ ਪੇਸ਼ ਕਰਦੇ ਹਨ। ਕਿਸਾਨਾਂ ਨੂੰ ਕਦੇ ਵੀ ਖੇਤਾਂ ਵਿੱਚ ਮਿਹਨਤ ਕਰਦਿਆਂ ਨਹੀਂ, ਬਲਕਿ ਬੰਦੂਕਾਂ ਨਾਲ ਫਾਇਰ ਕਰਦਿਆਂ, ਬੱਕਰੇ ਬੁਲਾਉਂਦਿਆਂ ਅਤੇ ਕਚਹਿਰੀਆਂ ਵਿੱਚ ਤਰੀਕਾਂ ਭੁਗਤਦਿਆਂ ਵਿਖਾਇਆ ਜਾਂਦਾ ਹੈ। ਪੰਜਾਬੀ ਗੀਤਕਾਰ ਕਿਸਾਨਾਂ ਨਾਲ ਸੰਬੰਧਿਤ ਮਹੱਤਵਪੂਰਣ ਮਸਲੇ, ਜਿਵੇਂ ਖ਼ੁਦਕਸ਼ੀ, ਕਰਜ਼ਾ ਅਤੇ ਬੇਰੁਜ਼ਗਾਰੀ ਨੂੰ ਅੱਖੋਂ ਪਰੋਖੇ ਕਰ ਦਿੰਦੇ ਹਨ।

ਪੰਜਾਬੀ ਗਾਇਕੀ ਅਤੇ ਗੀਤਕਾਰੀ ਦੇ ਡਿਗਦੇ ਪੱਧਰ ਨੇ ਪੰਜਾਬੀ ਸਮਾਜ ਦਾ ਹੀ ਨੁਕਸਾਨ ਨਹੀਂ ਕੀਤਾ, ਸਗੋਂ ਪੰਜਾਬੀਆਂ ਨੂੰ ਅੰਤਰ-ਰਾਸ਼ਟਰੀ ਪੱਧਰ ਤੇ ਵੀ ਨਸ਼ੇੜੀ ਅਤੇ ਫੁਕਰੇ ਬਣਾ ਕੇ ਹਾਸੇ ਦੇ ਪਾਤਰ ਬਣਾਇਆ ਹੈ। ਹਾਲਾਤ ਇਹ ਹਨ ਕਿ ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਵਿੱਚ ਪੰਜਾਬੀ ਸੰਗੀਤ ਨੂੰ ਬੱਲੇ-ਬੱਲੇ ਕਰਨ ਅਤੇ ਨੱਚਣ ਗਾਉਣ ਤੋਂ ਜ਼ਿਆਦਾ ਹੋਰ ਕੁਝ ਵੀ ਨਹੀਂ ਸਮਝਿਆ ਜਾਂਦਾ।

ਅਸੀਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਕਿਸੇ ਗੀਤਕਾਰ ਜਾਂ ਗਾਇਕ ਦੀ ਸਫ਼ਲਤਾ ਵਿੱਚ ਸਰੋਤਿਆਂ ਦਾ ਵੀ ਵੱਡਾ ਹੱਥ ਹੁੰਦਾ ਹੈ, ਜਦੋਂ ਤੱਕ ਪੰਜਾਬੀ ਸਰੋਤੇ ਆਪਣੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਹੀਂ ਨਿਭਾਉਂਦੇ, ਉਦੋਂ ਤੱਕ ਅਜਿਹੇ ਪੱਧਰ ਦੇ ਗੀਤ ਪੰਜਾਬੀ ਸੰਗੀਤ ਜਗਤ ਵਿੱਚ ਆਉਂਦੇ ਹੀ ਰਹਿਣਗੇ।

## Reading

Make your notes below on the key points of the reading text.

**Copyright information**

For confidentiality purposes, all acknowledgements of third-party copyright material are published in a separate booklet. This booklet is available for free download from www.aqa.org.uk after the live examination series.

Copyright © 2022 AQA and its licensors. All rights reserved.